# ਕਲਾ ਦੇ ਝਰੋਖੇ ਤੋਂ

11.8.96

ਗੁਰਸ਼ਰਨ ਸਿੰਘ

**ਪੰਜਾਬੀ ਨਾਟਕ ਦੇ ਵਧਦੇ ਕਦਮ:** ਇਹ ਗੱਲ ਪਾਲੀ ਭੁਪਿੰਦਰ ਦੇ ਨਾਟਕ 'ਉਸ ਨੂੰ ਕਹੀਂ' ਦੇ ਸੰਦਰਭ ਵਿਚ ਹੈ। ਇਹ ਨਾਟਕ ਚੇਤਨਾ ਕਲਾ ਮੰਚ, ਚਮਕੌਰ ਸਾਹਿਬ ਵਲੋਂ ਕੁਮਾਰ ਪਵਨਦੀਪ ਸਿੰਘ ਦੀ ਨਿਰਦੇਸ਼ਨਾ ਥੱਲੇ ਪੰਜਾਬੀ ਸਾਹਿਤ ਸਭਾ, ਬਲਾਚੌਰ ਵਲੋਂ ਆਯੋਜਿਤ ਕੀਤੇ ਡਾ. ਸਾਧੂ ਸਿੰਘ ਹਮਦਰਦ ਯਾਦਗਾਰੀ ਨਾਟਕ ਮੇਲੇ ਵਿਚ 29 ਜੁਲਾਈ ਨੂੰ ਬਲਾਚੌਰ ਵਿਚ ਮੰਚਤ ਕੀਤਾ ਗਿਆ।

ਕੁਝ ਸਾਲ ਪਹਿਲਾਂ ਦੀ ਗੱਲ ਹੈ। ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੇ ਡਰਾਮਾ ਵਿਭਾਗ ਦੇ ਵਿਦਿਆਰਥੀਆਂ ਨਾਲ ਗੱਲਬਾਤ ਦੌਰਾਨ ਮੈਂ ਜਦੋਂ ਉਨ੍ਹਾਂ ਕੋਲੋਂ ਪੁੱਛਿਆ ਕਿ ਉਹ ਵਿਭਾਗ ਤੋਂ ਡਿਗਰੀ ਪਾਸ ਕਰਨ ਦੇ ਬਾਅਦ ਆਪਣਾ ਕੀ ਭਵਿੱਖ ਸਮਝਦੇ ਹਨ? ਤਾਂ ਉਨ੍ਹਾਂ ਦਾ ਜਵਾਬ ਟੀ.ਵੀ. ਜਾਂ ਫਿਲਮ ਲਾਈਨ ਵੱਲ ਜਾਣ ਦਾ ਸੰਕੇਤ ਸੀ ਕਿਉਂਕਿ ਉਹ ਸਮਝਦੇ ਸਨ ਕਿ ਪੰਜਾਬ ਵਿਚ ਥੀਏਟਰ ਦਾ ਕੋਈ ਭਵਿੱਖ ਨਹੀਂ। ਮੈਂ ਉਨ੍ਹਾਂ ਨਾਲ ਆਪਣੇ ਤਜਰਬੇ ਸਾਂਝੇ ਕੀਤੇ ਅਤੇ ਇਹ ਗੱਲ ਜ਼ੋਰ ਦੇ ਕੇ ਕਹੀ ਕਿ ਪੰਜਾਬ ਵਿਚ ਥੀਏਟਰ ਦਾ ਭਵਿੱਖ ਹੈ ਬਸ਼ਰਤੇ ਥੀਏਟਰ ਦਾ ਰੁਖ ਪਿੰਡਾਂ ਤੇ ਛੋਟੇ ਕਸਬਿਆਂ ਵੱਲ ਹੋਵੇ ਜਿਥੇ ਪੰਜਾਬ ਦੀ 82 ਫੀਸਦੀ ਵਸੋਂ ਰਹਿੰਦੀ ਹੈ। ਮੇਰੇ ਇਹ ਵਿਚਾਰ ਸਵਰਗੀ ਡਾ. ਸੁਰਜੀਤ ਸਿੰਘ ਸੇਠੀ ਹੋਰਾਂ ਦੇ ਵਿਚਾਰਾਂ ਦੇ ਉਲਟ ਸਨ। ਡਾ. ਸੇਠੀ ਹੋਰਾਂ ਦੀ ਧਾਰਨਾ ਸੀ ਕਿ ਥੀਏਟਰ ਹਮੇਸ਼ਾ ਸ਼ਹਿਰੀ ਲੋਕਾਂ ਦਾ ਰਿਹਾ ਹੈ ਅਤੇ ਇਸ ਨੂੰ ਰੱਜੇ ਪੁੱਜੇ ਲੋਕਾਂ ਦੀ ਸਰਪ੍ਰਸਤੀ ਰਹੀ ਹੈ। ਦੁਨੀਆਂ ਦਾ ਥੀਏਟਰ ਦੇ ਵਿਕਾਸ ਦਾ ਇਤਿਹਾਸ ਉਨ੍ਹਾਂ ਦੇ ਸਾਹਮਣੇ ਸੀ। ਮੇਰੀ ਧਾਰਨਾ ਸੀ ਕਿ ਜਦੋਂ ਪੰਜਾਬੀ ਥੀਏਟਰ ਦੀ ਗੱਲ ਕਰਨੀ ਹੈ ਤਾਂ ਉਸ ਨੂੰ ਪੰਜਾਬ ਦੇ ਹਾਲਾਤ ਅਨੁਕੂਲ ਹੀ ਸੋਚਣਾ ਬਣਦਾ ਹੈ। ਥੀਏਟਰ ਖੇਤਰ ਵਿਚ ਇਹ ਬਹਿਸ ਦੀ ਗੱਲ ਹੈ ਤੇ ਇਹ ਬਹਿਸ ਬੇਮਤਲਬ ਨਹੀਂ। ਇਹ ਸਾਰਥਕ ਹੈ ਅਤੇ ਇਹਦੇ ਉਤੇ ਪੰਜਾਬ ਦੇ ਥੀਏਟਰ ਦਾ ਭਵਿੱਖ ਨਿਰਭਰ ਹੈ।

ਮੈਂ ਆਪਣੀ ਗੱਲ ਜਦੋਂ ਵਿਦਿਆਰਥੀਆਂ ਨਾਲ ਸਾਂਝੀ ਕਰ ਰਿਹਾ ਸਾਂ ਤਾਂ ਮੈਂ ਇਹ ਵੀ ਕਿਹਾ ਸੀ ਕਿ ਮੇਰੀ ਆਪਣੀ ਕੋਈ ਬਾਕਾਇਦਾ ਥੀਏਟਰ ਸਿਖਲਾਈ ਨਹੀਂ। ਮੈਂ 40 ਸਾਲ ਜੋ ਥੀਏਟਰ ਕੀਤਾ ਉਹ ਇਕ ਵਿਸ਼ੇਸ਼ ਵਚਨਬੱਧਤਾ ਨਾਲ ਖੁੱਭ ਕੇ ਕੀਤਾ। ਉਹਦੇ ਕੁਝ ਨਤੀਜੇ ਵੀ ਨਿਕਲੇ। ਪਰ ਜਦੋਂ ਥੀਏਟਰ ਤਕਨੀਕ ਦੇ ਬਾਕਾਇਦਾ ਸਿਖੇ ਹੋਏ ਰੰਗਕਰਮੀ ਪੰਜਾਬ ਥੀਏਟਰ ਖੇਤਰ ਵਿਚ ਪ੍ਰਵੇਸ਼ ਕਰਨਗੇ ਅਤੇ ਲੋਕਾਂ ਵਿਚ ਜਾਣਗੇ ਤਾਂ ਉਹ ਚੰਗੇ ਤੋਂ ਚੰਗਾ ਨਾਟਕ ਕਰਨਗੇ ਤੇ ਪੰਜਾਬ ਦੇ ਲੋਕਾਂ ਵਿਚੋਂ ਉਹਨੂੰ ਵੱਡੀ ਗਿਣਤੀ ਵਿਚ ਦਰਸ਼ਕ ਵੀ ਮਿਲਣਗੇ। ਕੇਵਲ ਧਾਲੀਵਾਲ ਉਨ੍ਹਾਂ ਦਿਨਾਂ ਵਿਚ ਨੈਸ਼ਨਲ ਸਕੂਲ ਆਫ ਡਰਾਮਾ ਤੋਂ ਪਾਸ ਕਰ ਕੇ ਆਇਆ ਸੀ ਤੇ ਅੰਮ੍ਰਿਤਸਰ ਕੇਂਦਰ ਬਣਾ ਕੇ ਉਹਨੇ ਆਪਣਾ ਕੰਮ ਸ਼ੁਰੂ ਕਰ ਦਿੱਤਾ ਸੀ।

ਤਸੱਲੀ ਵਾਲੀ ਗੱਲ ਹੈ ਕਿ ਥੀਏਟਰ ਦੇ ਸਿੱਖੇ ਹੋਏ ਵਿਦਿਆਰਥੀ ਇਸ ਦਿਸ਼ਾ ਵਿਚ ਕੰਮ ਕਰ ਰਹੇ ਹਨ। ਮੁਹਾਲੀ ਦਾ ਰਹਿਣ ਵਾਲਾ ਕੁਮਾਰ ਪਵਨਦੀਪ ਉਨ੍ਹਾਂ ਵਿਚੋਂ ਇਕ ਹੈ ਅਤੇ 'ਉਸ ਨੂੰ ਕਹੀਂ' ਪਾਲੀ ਭੁਪਿੰਦਰ ਵਲੋਂ ਲਿਖੀ ਹੋਈ ਸ਼ਕਤੀਸ਼ਾਲੀ ਨਾਟਕ ਸਕਰਿਪਟ ਉਹਦੇ ਕੋਲ ਹੈ। ਪਵਨਦੀਪ ਨੇ ਇਸ ਨਾਟਕ ਨੂੰ ਇਸ ਤਰ੍ਹਾਂ ਡੀਜ਼ਾਇਨ ਕੀਤਾ ਹੈ ਕਿ ਇਹ ਪੇਂਡੂ ਅਤੇ ਸ਼ਹਿਰੀ ਖੇਤਰ ਵਿਚ ਕਾਮਯਾਬੀ ਨਾਲ ਖੇਡਿਆ ਜਾ ਸਕਦਾ ਹੈ।

ਇਹ ਨਾਟਕ ਆਤੂ ਢੋਲੀ ਦੀ ਕਹਾਣੀ ਹੈ। ਉਹਦੇ ਪੇਸ਼ੇ ਦੀ ਅਤੇ ਬਾਪ ਦਾਦੇ ਦੀ ਰਵਾਇਤ ਹੈ ਕਿ ਪਿੰਡ ਵਿਚ ਕਿਸੇ ਆਫਤ ਆਉਣ ਤੋਂ ਪਹਿਲਾਂ ਹੀ ਉਹ ਕੋਠੇ ਉਤੇ ਚੜ੍ਹ ਕੇ ਢੋਲ ਵਜਾ ਕੇ ਪਿੰਡ ਨੂੰ ਖਬਰਦਾਰ ਕਰਦਾ ਹੈ। ਇਕ ਵੇਲੇ ਉਹਦੇ ਕੋਲੋਂ ਕੁਤਾਹੀ ਹੁੰਦੀ ਹੈ। ਪਿੰਡ ਦਾ ਇਕ ਹੋਣਹਾਰ ਨੌਜਵਾਨ ਰਾਜ ਜਨੂੰਨੀ ਕੱਟੜਪੰਥੀਆਂ ਦੇ ਜਨੂੰਨ ਦਾ ਸ਼ਿਕਾਰ ਹੋ ਜਾਂਦਾ ਹੈ। ਆਤੂ ਪਸ਼ੇਮਾਨ ਹੈ। ਉਹ ਪਸ਼ੇਮਾਨੀ ਵਿਚ ਆਪਣਾ ਢੋਲ ਦਰਖਤ ਨਾਲ ਟੰਗ ਦਿੰਦਾ ਹੈ। ਮਾਨਸਿਕ ਤੌਰ 'ਤੇ ਉਹ ਟੁੱਟ ਭੱਜ ਗਿਆ ਹੈ। ਨਾਟਕ ਦਾ ਸਿਖਰ ਹੈ ਜਦੋਂ ਉਹਦੀ ਧੀ ਗੁੱਡੋ ਉਹਦਾ ਕੰਮ ਸੰਭਾਲਦੀ ਹੈ। ਕਈ ਪਰਤਾਂ ਵਿਚ ਨਾਟਕ ਹੌਲੀ ਹੌਲੀ ਅੱਗੇ ਵਧਦਾ ਹੈ, ਦਹਿਸ਼ਤਗਰਦੀ ਦੇ ਦੌਰ ਦਾ ਇਹ ਬੜਾ ਹੀ ਮਹੱਤਵਪੂਰਨ ਅਤੇ ਸਾਰਥਕ ਨਾਟਕ ਹੈ। ਪਵਨਦੀਪ ਦੀ ਨਿਰਦੇਸ਼ਨਾ ਬਾਰੇ ਇਹ ਕਿਹਾ ਜਾ ਸਕਦਾ ਹੈ ਕਿ ਸਾਰੇ ਪਾਤਰਾਂ ਨੇ ਬੜੀ ਹੀ ਸਫਲਤਾ ਨਾਲ ਨਾਟਕ ਦਾ ਸੰਦੇਸ਼ ਦਰਸ਼ਕਾਂ ਤਕ ਪਹੁੰਚਾਇਆ ਹੈ। ਮੁੱਖ ਪਾਤਰ ਜਸਬੀਰ ਨੇ ਆਤੂ ਦੀ ਭੂਮਿਕਾ ਵਿਚ ਅਤੇ ਅਨੀਤਾ ਨੇ ਗੁੱਡੋ ਦੀ ਭੂਮਿਕਾ ਵਿਚ ਸਿਖਰਾਂ ਛੂਹੀਆਂ।

ਦੋ ਹੋਰ ਨਾਟਕ ਦੇਵਿੰਦਰ ਦਾ 'ਦਲਦਲ' ਅਤੇ ਜਸਵੰਤ ਖਟਕੜ ਵਲੋਂ ਔਲਖ ਦਾ 'ਬਿਗਾਨੇ ਬੋਹੜ ਦੀ ਛਾਂ' ਵੀ ਇਸ ਮੇਲੇ 'ਤੇ ਹੋਏ। ਬਲਾਚੌਰ ਵਿਚ ਪੇਂਡੂ ਦਰਸ਼ਕਾਂ ਦੀ ਹਾਜ਼ਰੀ ਵਿਚ ਇਨ੍ਹਾਂ ਸੰਜੀਦਾ ਨਾਟਕਾਂ ਦਾ ਸਫਲ ਮੰਚਨ ਪੰਜਾਬੀ ਨਾਟਕ ਦੇ ਵਧਦੇ ਕਦਮਾਂ ਦੀ ਸੂਚਕ ਹੈ। ਦੀਦਾਰ ਸ਼ੇਤਰਾ ਦੀ ਅਗਵਾਈ ਵਿਚ ਪੰਜਾਬੀ ਸਾਹਿਤ ਸਭਾ, ਬਲਾਚੌਰ ਇਹ ਨਾਟਕ ਮੇਲਾ ਕਰਵਾਉਣ ਲਈ ਵਧਾਈ ਦੀ ਪਾਤਰ ਹੈ।

**ਨਾਵਲ 'ਟੁੱਟ-ਭੱਜ':** ਪੰਜਾਬੀ ਦਾ ਸਾਹਿਤ ਜਗਤ 'ਅਜੋਕੇ ਸ਼ਿਲਾਲੇਖ' ਦਾ ਲੰਮੇ ਸਮੇਂ ਲਈ ਰਿਣੀ ਰਹੇਗਾ ਜਿਸ ਦੇ ਆਪਣਾ ਜੁਲਾਈ 1996 ਦਾ ਅੰਕ ਅਫਰੀਕਾ ਦੇ ਲੇਖਕ ਸ਼ਨਵਾ ਅਸੂਜੀ ਦੇ ਸ਼ਾਹਕਾਰ ਨਾਵਲ 'ਥਿੰਗਜ਼ ਫਾਲ ਅਪਾਰਟ' ਨੂੰ ਪੂਰੇ ਦਾ ਪੂਰਾ ਛਾਪਿਆ। ਇਹਦਾ ਅਨੁਵਾਦ ਅਫਜ਼ਲ ਅਹਿਸਨ ਰੰਧਾਵਾ ਦੀ ਕਲਮ ਤੋਂ 'ਟੁੱਟ ਭੱਜ' ਦੇ ਨਾਂ ਥੱਲੇ ਹੈ ਤੇ ਲਿਪੀਅੰਤਰ ਅਦਾਰਾ ਸ਼ਿਲਾਲੇਖ ਵਲੋਂ ਕੀਤਾ ਗਿਆ। ਨਾਵਲ ਇਕ ਮਹਾਨ ਸਭਿਆਚਾਰ ਦੀ ਟੁੱਟ ਭੱਜ ਦੀ ਦਾਸਤਾਨ ਹੈ। ਨਾਵਲ ਇਕ ਉਤਮ ਕਲਾ ਕਿਰਤ ਤਾਂ ਹੈ ਹੀ, ਪਰ ਅਨੁਵਾਦ ਦੀ ਪੰਜਾਬੀ ਜ਼ਬਾਨ ਪੜ੍ਹ ਕੇ ਬਦੋਬਦੀ ਮੂੰਹੋਂ ਨਿਕਲਦਾ ਹੈ ''ਇਹ ਹੈ, ਜਿਸ ਨੂੰ ਪੰਜਾਬੀ ਜ਼ੁਬਾਨ ਕਹਿੰਦੇ ਹਨ।'' ਸ਼ਨਵਾ ਨੂੰ, ਅਫਜ਼ਲ ਰੰਧਾਵਾ ਨੂੰ, ਅਦਾਰਾ ਸ਼ਿਲਾਲੇਖ ਨੂੰ ਸਲਾਮ, ਸਗੋਂ ਲੱਖ ਲੱਖ ਸਲਾਮ!

11-8-1996